ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਛੇਵੀਂ ਮੰਜ਼ਿਲ, ਬਲਾਕ-ਈ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8
ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ), ਫੋਨ ਨੰਬਰ - 0172-2212221

ਵੱਲ

(ਨੋਟਿਸ ਬੋਰਡ, ਈ-ਮੇਲ ਰਾਹੀਂ)

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਸਿੰ),
ਪੰਜਾਬ।

ਮੀਮੋ ਨੰ: SCERT-SDP01/1/2023-SDP-SCERT/435825/964
ਮਿਤੀ :ਸਾਹਿਬਜ਼ਾਦਾ ਅਜੀਤ ਸਿੰਘ ਨਗਰ, 6-12-2023

**Subject:- Student Police Cadet (SPC) Scheme ਅਧੀਨ ਪੰਜਾਬ ਰਾਜ ਦੇ 280 ਸਕੂਲਾਂ ਵਿੱਚ ਫੰਡਜ ਟ੍ਰਾਂਸਫਰ ਕਰਨ ਸਬੰਧੀ।**

ਹਵਾਲਾ:- ਸੁਪਰਡੈਂਟ/ਕੈਡ, For Special Director General of Police, Community Affairs Division, Punjab Police Complex, Punjab ਦੇ ਪੱਤਰ ਨੰਬਰ: 12070/ਕੈਡ-3 ਮਿਤੀ 28-11-2023 ਦੇ ਸੰਬੰਧ ਵਿੱਚ।

1.0 ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਦੇ ਸੰਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਕਮਿਊਨਿਟੀ ਅਫੇਅਰਜ਼ ਡਵੀਜਨ, ਪੰਜਾਬ ਪੁਲਿਸ ਦੇ ਸਹਿਯੋਗ ਨਾਲ ਪੰਜਾਬ ਰਾਜ ਦੇ 280 ਸਕੂਲਾਂ @10 ਸਕੂਲ ਪ੍ਰਤੀ ਜਿਲ੍ਹਾ (23 Revenue & 5 Police districts) ਵਿੱਚ ਸਟੂਡੈਂਟ ਪੁਲਿਸ ਕੈਡਿਟ ਪ੍ਰੋਗਰਾਮ ਲਾਗੂ ਕੀਤਾ ਜਾ ਰਿਹਾ ਹੈ।

2.0 ਉਕਤ ਦੇ ਸੰਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਪੰਜਾਬ ਰਾਜ ਦੇ 280 ਸਕੂਲਾਂ @10 ਸਕੂਲ ਪ੍ਰਤੀ ਜਿਲ੍ਹਾ (23 Revenue & 5 Police districts) ਵਿੱਚ ਸਟੂਡੈਂਟ ਪੁਲਿਸ ਕੈਡਿਟ ਪ੍ਰੋਗਰਾਮ ਲਾਗੂ ਕਰਨ ਲਈ ਸਕੂਲਾਂ ਵਿੱਚ ਨਾਮਜ਼ਦ ਅਧਿਆਪਕਾਂ/ਨੋਡਲ ਅਫਸਰਾਂ ਦੀ ਮਹਾਰਾਜਾ ਰਣਜੀਤ ਸਿੰਘ ਪੰਜਾਬ ਪੁਲਿਸ ਅਕੈਡਮੀ, ਫਿਲੌਰ ਵਿਖੇ ਮਿਤੀ 7 ਅਗਸਤ, 2023 ਅਤੇ 8 ਅਗਸਤ, 2023 ਨੂੰ ਦੋ ਰੋਜ਼ਾ ਰਿਹਾਇਸ਼ੀ ਸਿਖਲਾਈ ਪ੍ਰੋਗਰਾਮ ਕਰਵਾਇਆ ਗਿਆ ਸੀ।

3.0 ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ, SPC ਅਧੀਨ ਚੁਣੇ ਗਏ 280 ਸਕੂਲਾਂ ਵਿੱਚ ਸਾਲ 2023-24 ਦੌਰਾਨ ਕਲਾਸ 8ਵੀਂ ਅਤੇ 2024-25 ਦੌਰਾਨ ਕਲਾਸ 9ਵੀਂ ਦੇ ਵਿਦਿਆਰਥੀਆਂ ਨੂੰ

ਕਰਵਾਈਆਂ ਜਾਣ ਵਾਲੀਆਂ Indoor ਅਤੇ Outdoor ਗਤੀਵਿਧੀਆਂ, ਦੋ ਰੋਜ਼ਾ ਰਿਹਾਇਸ਼ੀ ਸਿਖਲਾਈ ਪ੍ਰੋਗਰਾਮ ਦੌਰਾਨ ਭਾਗੀਦਾਰੀਆਂ (ਸਕੂਲ SPC ਅਧਿਆਪਕਾਂ) ਨੂੰ ਕਰਵਾਈਆਂ ਗਈਆਂ ਜਿਹਨਾਂ ਦੇ ਵੇਰਵੇ ਨਾਲ ਨੱਥੀ ਹਨ।

4.0 SPC ਪ੍ਰੋਗਰਾਮ ਅਧੀਨ Indoor ਸਿਲੇਬਸ ਕਰਵਾਉਣ ਲਈ ਮਹੀਨੇ ਵਿੱਚ ਇੱਕ ਕਲਾਸ ਅਤੇ Outdoor ਗਤੀਵਿਧੀਆਂ ਕਰਵਾਉਣ ਲਈ ਮਹੀਨੇ ਵਿੱਚ ਦੋ ਅੱਧੇ ਦਿਨ ਲਗਾਏ ਜਾ ਰਹੇ ਹਨ।

5.0 SPC ਪ੍ਰੋਗਰਾਮ ਅਧੀਨ Community Affairs Division, Punjab ਵੱਲੋਂ ਪੰਜਾਬ ਰਾਜ ਦੇ 280 ਸਕੂਲਾਂ ਵਿੱਚ ਫੰਡਜ ਟ੍ਰਾਂਸਫਰ ਕਰਨ ਲਈ ਆਪ ਦੇ ਜਿਲ੍ਹੇ ਦੇ ਸਕੂਲਾਂ ਦੀ ਬਣਦੀ ਰਾਸ਼ੀ ਆਪ ਦੇ ਦਫਤਰ ਦੇ ਖਾਤੇ ਵਿੱਚ ਪਾਈ ਜਾਵੇਗੀ ਅਤੇ ਆਪ ਵੱਲੋਂ ਆਪਣੇ ਪੱਧਰ ਤੇ ਇਹਨਾਂ ਸਕੂਲਾਂ ਨੂੰ ਇਹ ਰਾਸੀ ਵੰਡੀ ਜਾਵੇਗੀ।

6.0 ਰਾਸ਼ੀ ਦੀ ਵਰਤੋਂ ਉਪਰੰਤ ਆਪ ਵੱਲੋਂ ਸਕੂਲਾਂ ਤੋਂ ਵਰਤੋਂ ਸਰਟੀਫਿਕੇਟ ਪ੍ਰਾਪਤ ਕਰਕੇ Community Affairs Division, Punjab ਦੇ ਦਫਤਰ ਨੂੰ ਭੇਜੇ ਜਾਣਗੇ।

7.0 ਆਪ ਵੱਲੋਂ ਆਪਣੇ ਦਫਤਰ ਦੇ ਕਿਸੇ ਖਾਤੇ ਦੇ ਵੇਰਵੇ (ਜਿਵੇਂ ਖਾਤਾ ਨੰਬਰ, IFS code, ਖਾਤਾ ਧਾਰਕ ਦਾ ਨਾਂ, ਬੈਂਕ ਦਾ ਨਾਂ, ਐਡਰੈਸ ਆਦਿ) ਮਿਤੀ 08-12-2023 ਤੱਕ ਇਸ ਦਫਤਰ ਦੀ ਈਮੇਲ ਆਈ.ਡੀ. scertactivities@punjabeducation.gov.in ਤੇ ਭੇਜਣੇ ਯਕੀਨੀ ਬਣਾਏ ਜਾਣ।

ਡਾਇਰੈਕਟਰ
ਐਸ.ਸੀ.ਈ.ਆਰ.ਟੀ.ਪੰਜਾਬ।

ਪਿੱਠ ਅੰਕਣ ਨੰ:- ਉਕਤ/965-969 ਮਿਤੀ: ਐਸ.ਏ.ਐਸ. ਨਗਰ 6-12-2023

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ :-

1. ਪੀ.ਏ.ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ,
2. ਪੀ.ਏ.ਟੂ ਸਪੈਸ਼ਲ ਡਾਇਰੈਕਟਰ ਜਨਰਲ ਆਫ ਪੁਲਿਸ, ਕਮਿਊਨਿਟੀ ਅਫੇਅਰਜ਼ ਡਵੀਜਨ, ਪੰਜਾਬ,
3. ਪੀ.ਏ.ਟੂ ਸਪੈਸ਼ਲ ਸਕੱਤਰ ਸਕੂਲ ਸਿੱਖਿਆ, ਪੰਜਾਬ,
4. ਪੀ.ਏ.ਟੂ ਡੀ.ਜੀ.ਐਸ.ਈ., ਪੰਜਾਬ,
5. ਪੀ.ਏ ਟੂ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ।

ਸਹਾਇਕ ਡਾਇਰੈਕਟਰ
ਐਸ.ਸੀ.ਈ.ਆਰ.ਟੀ.ਪੰਜਾਬ।